بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 08.03.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬਾ ਕਰਾਮ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਦੀਆਂ ਇਮਾਨ ਵਧਾਉਣ ਵਾਲੀਆਂ ਗਲੱਾਂ ਦਾ ਮਨਮੋਹਕ ਤੇ ਮਨਭਾਉਂਦਾ ਵਰਨਣ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 8 ਮਾਰਚ 2019 ਈ. ਨੂੰ ਮਸਜਿਦ ਬੈਤੁਲ ਫ਼ਤੂਹ ਮੋਰਡਨ ਲੰਦਨ (ਬਰਤਾਨੀਆ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਕੈਸ ਬਿਨ ਮਹਸਨ ਅੰਸਾਰੀ ਸਹਾਬੀ ਸਨ । ਇਹਨਾਂ ਦਾ ਸੰਬੰਧ ਅੰਸਾਰ ਦੇ ਕਬੀਲੇ ਬਨੂ ਜ਼ਰੀਕ ਨਾਲ ਸੀ । ਆਪ ਬਦਰ ਅਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ।

ਦੂਜੇ ਸਹਾਬੀ ਹਨ ਜਬੈਰ ਬਿਨ ਅਯਾਜ਼ । ਇਹ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ । ਇਹਨਾਂ ਦਾ ਸੰਬੰਧ ਖ਼ਜ਼ਰਜ ਕਬੀਲੇ ਦੀ ਸ਼ਾਖ਼ਾ ਬਨੂ ਜ਼ਰੀਕ ਨਾਲ ਸੀ । ਹਦੀਸਾਂ ਵਿੱਚ ਆਉਂਦਾ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਉਪੱਰ (ਨਊਜ਼ ਬਿਲੱਾਹ) ਕਿਸੇ ਯਹੂਦੀ ਨੇ ਜਾਦੂ ਕਰ ਦਿਤੱਾ ਸੀ, ਜਿਸ ਦਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਉਪੱਰ ਅਸਰ ਹੋ ਗਿਆ ਸੀ ਅਤੇ ਰਿਵਾਇਤ ਵਿੱਚ ਆਉਂਦਾ ਹੈ ਕਿ ਕੰਘੀ ਤੇ ਵਾਲਾਂ ਉਪੱਰ ਉਹ ਜਾਦੂ ਕਰਕੇ ਇਕ ਖੂਹ ਵਿੱਚ ਪਾ ਦਿੱਤਾ ਗਿਆ ਸੀ ਅਤੇ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਬਾਦ ਵਿੱਚ ਉਹਨਾ ਨੂੰ ਉੱਥੋਂ ਕੱਢਿਆ । ਸਹੀ ਬੁਖ਼ਾਰੀ ਦੀ ਸ਼ਰਾਹ (ਵਿਆਖਿਆ) ਫ਼ਤਾਹੁਲਬਾਰੀ ਵਿੱਚ ਹੈ ਕਿ ਉਹ ਕੰਘੀ ਅਤੇ ਵਾਲ ਹਜ਼ਰਤ ਜਬੈਰ ਬਿਨ ਅਯਾਸ ਨੇ ਖੂਹ ਵਿੱਚੋਂ ਕੱਢੇ ਸਨ ਅਤੇ ਇਕ ਹੋਰ ਰਿਵਾਇਤ ਅਨੁਸਾਰ ਹਜ਼ਰਤ ਕੈਸ ਬਿਨ ਮਹਸਨ ਨੇ ਕੱਢੇ ਸਨ । ਇਸ ਲਈ ਇਹਨਾ ਦੋਹਾਂ ਸਾਹਬਾ ਦਾ ਵਰਨਣ ਮੈਂ ਇਕਠੱਾ ਕੀਤਾ ਹੈ । ਇਹਨਾਂ ਵਿੱਚੋਂ ਕਿਸਨੇ ਇਹ ਚੀਜ਼ਾ ਕੱਢੀਆਂ ਸਨ ਇਹ ਗੱਲ ਐਨ੍ਹੀ ਮਹਤੱਵਪੂਰਨ ਨਹੀਂ ਹੈ, ਅਸਲ ਗੱਲ ਇਹ ਕਿ ਕੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਉਪੱਰ ਕਿਸੇ ਜਾਦੂ ਦਾ ਅਸਰ ਹੋਇਆ ਸੀ ? ਇਸ ਦੀ ਹਕੀਕਤ ਕੀ ਹੈ ਇਸ ਗੱਲ'ਤੇ ਸਾਡਾ ਦ੍ਰਿਸ਼ਟੀਕੋਣ ਕੀ ਹੈ, ਇਹ ਸਨੂੰ ਪਤਾ ਹੋਣਾ ਚਾਹੀਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦਾ ਬਿਮਾਰ ਹੋਣਾ ਅਤੇ ਲੋਕਾਂ ਦਾ ਇਹ ਸਮਝਣਾ ਕਿ ਆਪ ਉਪੱਰ ਯਹੂਦੀਆਂ ਵੱਲੋਂ ਜਾਦੂ ਕੀਤਾ ਗਿਆ, ਇਹ ਘਟਣਾ ਜਿੰਨ੍ਹਾ ਸ਼ਬਦਾਂ ਵਿੱਚ

ਰਿਵਾਇਤ ਕੀਤੀ ਗਈ ਉਹ ਸ਼ਬਦ ਇਹ ਹਨ । ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਤੋਂ ਰਿਵਾਇਤ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਉਪੱਰ ਯਹੂਦੀਆਂ ਵੱਲੋਂ ਜਾਦੂ ਕੀਤਾ ਗਿਆ ਅਤੇ ਇਸ ਦਾ ਅਸਰ ਇੱਥੋਂ ਤੱਕ ਹੋਇਆ ਕਿ ਆਪ ਕਈ ਵਾਰ ਇਹ ਸਮਝਦੇ ਸਨ ਕਿ ਆਪ ਨੇ ਫ਼ਲਾਣਾ ਕੰਮ ਕੀਤਾ ਹੈ ਜੱਦ ਕਿ ਉਹ ਕੰਮ ਨਹੀਂ ਕੀਤਾ ਹੁੰਦਾ ਸੀ । ਇਕ ਦਿਨ ਜਾਂ ਇਕ ਰਾਤ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਰੱਬ ਤੋਂ ਦੁਆ ਕੀਤੀ ਫਿਰ ਫ਼ਰਮਾਇਆ, ਹੇ ਆਇਸ਼ਾ ! ਅਲੱਾਹ ਤਆਲਾ ਕੋਲੋਂ ਜੋ ਕੁਝ ਮੈਂ ਮੰਗਿਆ ਸੀ ਉਹ ਉਸਨੇ ਮੈਂਨੂੰ ਦੇ ਦਿਤੱਾ । ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਕਹਿੰਦੀ ਹਨ ਕਿ ਮੈਂ ਅਰਜ਼ ਕੀਤੀ ਕਿ ਹੇ ਰਸੂਲੁਲੱਾਹ ! ਉਹ ਕੀ ਹੈ ਜੋ ਆਪਨੇ ਮੰਗਿਆ ਸੀ ? ਆਪ ਨੇ ਫ਼ਰਮਾਇਆ ਕਿ ਮੇਰੇ ਕੋਲ ਦੋ ਵਿਅਕਤੀ ਆਏ । ਇਕ ਮੇਰੇ ਸਿਰਾਹਣੇ ਬਹਿ ਗਿਆ ਅਤੇ ਦੂਜਾ ਮੇਰੇ ਪੈਰ੍ਹਾਂ ਪਾਸ । ਫਿਰ ਉਹ ਵਿਅਕਤੀ ਜੋ ਸਿਰਾਹਣੇ ਬੈਠਾ ਹੋਇਆ ਸੀ ਉਸ ਨੇ ਮੇਰੇ ਪੈਰ੍ਹਾਂ ਕੋਲ ਬੈਠਣ ਵਾਲੇ ਨੂੰ ਸੰਬੋਧਨ ਕਰਕੇ ਕਿਹਾ ਕਿ ਇਸ ਵਿਅਕਤੀ ਅਰਥਾਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਕੀ ਕਸ਼ਟ ਹੈ? ਤਾਂ ਦੂਜੇ ਨੇ ਉਤੱਰ ਦਿਤੱਾ ਕਿ ਜਾਦੂ ਕੀਤਾ ਗਿਆ ਹੈ, ਉਸ ਨੇ ਕਿਹਾ ਕਿ ਕਿਸਨੇ ਜਾਦੂ ਕੀਤਾ ਹੈ ਤਾਂ ਉਸ ਨੇ ਉਤੱਰ ਦਿਤੱਾ ਕਿ ਲੁਬੈਦ ਬਿਨ ਆਸਮ ਯਹੂਦੀ ਨੇ । ਫਿਰ ਪਹਿਲੇ ਨੇ ਕਿਹਾ ਕਿ ਕਿਸ ਚੀਜ਼ ਉਪੱਰ ਜਾਦੂ ਕੀਤਾ ਗਿਆ ਹੈ ਤਾਂ ਦੂਜੇ ਨੇ ਉਤੱਰ ਦਿਤੱਾ ਕਿ ਕੰਘੀ ਅਤੇ ਸਿਰ ਦੇ ਵਾਲਾਂ ਉਪੱਰ ਜੋ ਖਜੂਰ ਦੇ ਖੋਸ਼ਿਆਂ ਅੰਦਰ ਹਨ । ਪਹਿਲੇ ਨੇ ਪੁਛਿਆ ਇਹ ਚੀਜਾਂ ਕਿੱਥੇ ਹਨ ਤਾਂ ਦੂਜੇ ਨੇ ਕਿਹਾ ਕਿ ਇਹ ਚੀਜਾਂ ਅਰਵਾਨ ਦੇ ਖੂਹ ਵਿੱਚ ਹਨ । ਹਜ਼ਰਤ ਆਇਸ਼ਾ ਰਜ਼ੀ ਅਲੱਾਹ ਕਹਿੰਦੀ ਹਨ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਇਸ ਦੇ ਬਾਦ ਆਪਣੇ ਸਹਾਬਾ ਸਣੇ ਇਸ ਖੂਹ'ਤੇ ਗਏ ਫਿਰ ਵਾਪਸ ਆਏ ਤਾਂ ਫ਼ਰਮਾਇਆ ਕਿ ਹੇ ਆਇਸ਼ਾ ! ਰੱਬ ਦੀ ਸਹੁੰ ਖੂਹ ਦਾ ਪਾਣੀ ਇਉਂ ਲਗਦਾ ਸੀ ਜਿਵੇਂ ਮਹਿੰਦੀ ਦੇ ਨਿਚੋੜ ਵਾਂਗ ਲਾਲ ਹੁੰਦਾ ਹੈ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਇਉਂ ਮਾਲੂਮ ਹੈ ਕਿ ਯਹੂਦੀਆਂ ਵਿੱਚ ਇਹ ਰਿਵਾਜ ਸੀ ਕਿ ਜੱਦ ਉਹ ਕਿਸੇ ਚੀਜ਼ ਉਪੱਰ ਜਾਦੂ ਟੋਨਾ ਕਰਦੇ ਸਨ ਤਾਂ ਮਹਿੰਦੀ ਜਾਂ ਇਸ ਪ੍ਰਕਾਰ ਦੀ ਕੋਈ ਚੀਜ਼ ਪਾਣੀ ਵਿੱਚ ਪਾ ਦਿੰਦੇ ਸਨ ਇਹ ਪ੍ਰਕਟ ਕਰਨ ਲਈ ਕਿ ਜਾਦੂ ਦੇ ਜ਼ੋਰ ਨਾਲ ਪਾਣੀ ਲਾਲ ਹੋ ਗਿਆ ਹੈ । ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਕਹਿੰਦੀ ਹਨ ਕਿ ਮੈਂ ਕਿਹਾ ਕਿ ਹੇ ਰਸੂਲੁਲਾਹ ਆਪ ਨੇ ਇਸ ਚੀਜ਼ ਨੂੰ ਜਿਸ'ਤੇ ਜਾਦੂ ਕੀਤਾ ਗਿਆ ਸੀ ਸਾੜ ਕਿਉਂ ਨ ਦਿਤੱਾ ? ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਮੈਂਨੂੰ ਜੱਦ ਰੱਬ ਨੇ ਸ਼ਿਫ਼ਾ (ਸਵਾਸਥ) ਦੇ ਦਿੱਤੀ ਤਾਂ ਮੈਂ ਪਸੰਦ ਨਹੀ ਕੀਤਾ ਕਿ ਕੋਈ ਅਜਿਹੀ ਗੱਲ ਕਰਾਂ ਜਿਸ ਤੋਂ ਕੋਈ ਬੁਰਾਈ ਉਤਪੰਨ ਹੋਵੇ, ਇਸ ਲਈ ਮੈਂ ਆਦੇਸ਼ ਦਿੱਤਾ ਕਿ ਇਹਨਾਂ ਚੀਜਾਂ ਨੂੰ ਦਫ਼ਨ ਕਰ ਦਿਤੱਾ ਜਾਏ, ਸੋ, ਇਹਨਾ ਨੂੰ ਦੱਬ ਦਿਤੱਾ ਗਿਆ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਇਸ ਰਿਵਾਇਤ ਤੋਂ ਜਿੱਥੇ ਯਹੂਦੀਆਂ ਦੀ ਦੁਸ਼ਮਣੀ ਦਾ ਪਤਾ ਲਗੱਦਾ ਹੈ ਜੋ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨਾਲ ਸੀ, ਉੱਥੇ ਇਹ ਗੱਲ ਵੀ ਸਪਸ਼ਟ ਹੋ ਜਾਂਦੀ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਰੱਬ ਦੇ ਸੱਚੇ ਰਸੂਲ ਸਨ ਕਿਉਂਕਿ ਰੱਬ ਵੱਲੋਂ ਆਪਨੂੰ ਉਹਨਾਂ ਸਾਰੀਆਂ ਗਲੱਾਂ ਦਾ ਪਤਾ ਦੇ ਦਿਤੱਾ ਗਿਆ ਜੋ ਯਹੂਦੀ ਅਪਦੇ ਵਿਰੁਧ ਕਰ ਰਹੇ ਸਨ । ਸੋ, ਆਪਨੂੰ ਗ਼ੈਬ ਦੀਆਂ ਗਲੱਾਂ ਦਾ ਪਤਾ ਲੱਗ ਜਾਣਾ ਅਤੇ ਯਹੂਦੀਆਂ ਦਾ ਆਪਣੇ ਮੰਤਵ ਵਿੱਚ ਅਸਫ਼ਲ ਰਹਿਣਾ ਆਪਦੇ ਸਚੱਾ ਰਸੂਲ ਹੋਣ ਦੀ ਪ੍ਰਤਖ ਤੇ ਸਪਸ਼ਟ ਦਲੀਲ ਹੈ । ਬਹਿਰਹਾਲ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਜਿਸ ਪ੍ਰਕਾਰ ਸਿਟੱਾ ਕੱਢਿਆ ਹੈ ਉਹੋ ਹਕੀਕਤ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਉਪੱਰ ਯਹੂਦੀਆਂ ਨੇ ਜੋ ਜਾਦੂ ਕੀਤਾ ਸੀ ਉਸ ਦਾ ਕੋਈ ਅਸਰ ਨਹੀਂ ਹੋਇਆ ਅਤੇ ਉਹ ਕੇਵਲ ਭੁਲੱਣ ਦਾ ਰੋਗ ਸੀ ਅਤੇ ਰੱਬ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਯਹੂਦੀਆਂ ਦੀ ਕਾਰਵਾਈ ਤੋਂ ਜਾਣਕਾਰੀ ਪ੍ਰਦਾਨ ਕਰਕੇ ਪ੍ਰਕਟ ਰੂਪ ਵਿੱਚ ਵੀ ਉਹਨਾ ਦੇ

ਇਸ ਵਿਚਾਰ ਨੂੰ ਅਸਫ਼ਲ ਕਰ ਦਿਤੱਾ ਕਿ ਉਹਨਾ ਨੇ ਆਪ ਸਲਲੱਾਹੁ ਅਲੈਹਿ ਵਸਲਮ ਉਪੱਰ ਜਾਦੂ ਕੀਤਾ ਹੈ ਅਤੇ ਯਹੂਦੀ ਜੋ ਆਪ ਦੀ ਬਿਮਾਰੀ ਨੂੰ ਦੇਖਕੇ ਆਪਣੇ ਆਪ ਵਿੱਚ ਖ਼ੁਸ਼ ਹੋ ਰਹੇ ਸਨ ਜਾਂ ਇਹ ਪ੍ਰਸਿੱਧ ਕਰ ਦਿਤੱਾ ਸੀ ਕਿ ਸਾਡੇ ਜਾਦੂ ਦਾ ਅਸਰ ਹੈ ਇਸ ਦੀ ਵਾਸਤਵਿਕਤਾ ਪ੍ਰਕਟ ਹੋ ਗਈ ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਸੁਲਾਹ ਹੁਦੈਬੀਆਹ ਦੇ ਬਾਦ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਉਪੱਰ (ਨਊਜ ਬਿਲੱਾਹ) ਇਕ ਵਾਰ ਕਿਸੇ ਯਹੂਦੀ ਨਸਲ ਦੇ ਮੁਨਾਫ਼ਕ ਨੇ ਜਿਸ ਦਾ ਨਾਂ ਲੁਬੈਦ ਬਿਨ ਆਸਮ ਸੀ ਜਾਦੂ ਕਰ ਦਿਤੱਾ ਸੀ ਅਤੇ ਇਹ ਜਾਦੂ ਇਸ ਪ੍ਰਕਾਰ ਕੀਤਾ ਗਿਆ ਕਿ ਇਕ ਕੰਘੀ ਵਿੱਚ ਵਾਲਾਂ ਦੀਆਂ ਗੰਢਾ ਮਾਰਕੇ ਅਤੇ ਉਸ ਉਪੱਰ ਕੁਝ ਪੜ੍ਹਕੇ ਉਸ ਨੂੰ ਇਕ ਖੂਹ ਵਿੱਚ ਸੁੱਟ ਦਿਤੱਾ ਗਿਆ ਅਤੇ ਕਿਹਾ ਜਾਂਦਾ ਹੈ ਕਿ ਆਪ (ਨਊਜ਼ ਬਿਲੱਾਹ) ਇਸ ਜਾਦੂ ਕਰਕੇ ਵਾਹਵਾ ਚਿਰ ਬਿਮਾਰ ਰਹੇ । ਆਪ ਨੂੰ ਇਹਨਾ ਦਿਨਾ ਵਿੱਚ ਬਹੁਤ ਅਧਿਕ ਭੁਲੱਣ ਦਾ ਰੋਗ ਰਹਿਣ ਲਗੱਾ ਸੀ । ਕਈ ਵਾਰ ਆਪ ਵਿਚਾਰ ਕਰਦੇ ਕਿ ਫ਼ਲਾਣਾ ਕੰਮ ਕਰ ਚੁਕਾ ਹਾਂ ਪਰ ਵਾਸਤਵ ਵਿੱਚ ਉਹ ਕੰਮ ਨਹੀਂ ਕੀਤਾ ਹੁੰਦਾ ਸੀ ਜਾਂ ਕਈ ਵਾਰ ਆਪ ਇਹ ਵਿਚਾਰ ਕਰਦੇ ਸਨ ਕਿ ਮੈਂ ਫ਼ਲਾਣੀ ਪਤਨੀ ਦੇ ਘਰ ਆਇਆ ਹਾਂ ਪਰ ਹਕੀਕਤ ਵਿੱਚ ਆਪ ਉਸਦੇ ਘਰ ਨਹੀਂ ਗਏ ਹੁੰਦੇ ਸਨ। ਅਖ਼ੀਰ ਰੱਬ ਨੇ ਇਕ ਸੁਪਨੇ ਰਾਹੀਂ ਆਪ ਉਪੱਰ ਇਸ ਫ਼ਿਤਨੇ ਦੀ ਹਕੀਕਤ ਖੋਲ ਦਿੱਤੀ । ਇਸ ਰਿਵਾਇਤ ਦੇ ਆਲੇ ਦੁਆਲੇ ਅਜਿਹੇ ਕਿੱਸਿਆਂ ਦਾ ਜਾਲ ਬੁਣ ਦਿਤੱਾ ਗਿਆ ਹੈ ਕਿ ਅਸਲ ਹਕੀਕਤ ਦਾ ਪਤਾ ਲਾਉਂਣਾ ਔਖਾ ਹੋ ਗਿਆ ਹੈ ਅਤੇ ਜੇਕਰ ਇਹਨਾਂ ਸਾਰੀਆਂ ਰਿਵਾਇਤਾਂ ਨੂੰ ਪਰਵਾਨ ਕਰ ਲਿਆ ਜਾਏ ਤਾਂ (ਨਊਜ਼ ਬਿਲੱਾਹ) ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਪਵਿਤੱਰ ਵੁਜੂਦ ਅਜਿਹਾ ਸਿੱਧ ਹੁੰਦਾ ਹੈ ਕਿ ਸੰਭਵਤਾ ਇਕ ਬਹੁਤ ਕਮਜ਼ੋਰ ਸੁਭਾਉ ਦੇ ਵਿਅਕਤੀਤਵ ਦੇ ਮਨੁੱਖ ਸਨ ਜਿਸਨੂੰ ਘੱਟੋ ਘੱਟ ਸੰਸਾਰਕ ਮਾਮਲਿਆਂ ਵਿੱਚ ਆਪ ਬਾਰੇ ਮਾੜੇ ਵਿਚਾਰ ਰਖੱਣ ਵਾਲੇ ਦੁਸ਼ਮਣ ਆਪਣੇ ਜਾਦੂ ਨਾਲ ਜਿਸ ਰੂਪ ਵਿੱਚ ਚਾਹੁੰਦੇ ਢਾਲ ਸਕਦੇ ਸਨ ਅਤੇ ਇਹ ਕਿ ਉਹ ਆਪ ਨੂੰ ਆਪਣੇ ਨਾਪਾਕ ਧਿਆਨ ਦਾ ਨਿਸ਼ਾਨਾ ਬਣਾਕੇ ਆਪਦੇ ਮਨ ਮਸਤਕ ਉਪੱਰ ਕਾਬੂ ਪਾਉਣਾ ਸ਼ੁਰੂ ਕਰ ਦਿੰਦੇ ਸਨ ਕਿ (ਨਊਜ਼ ਬਿਲੱਾਹ) ਆਪ ਉਸ ਜਾਦੂ ਦਾ ਮੁਕਾਬਲਾ ਕਰਨ ਵਿੱਚ ਆਪਣੇ ਆਪ ਨੂੰ ਅਸਹਾਇ ਤੇ ਬੇਬਸ ਸਮਝਦੇ ਸਨ । ਜੇਕਰ ਇਹਨਾ ਰਿਵਾਇਤਾਂ ਬਾਰੇ ਉਚਿਤ ਤੇ ਕਥਨਾ ਰੂਪੀ ਵਿਚਾਰ ਕੀਤਾ ਜਾਵੇ ਅਤੇ ਰਿਵਾਇਤਾਂ ਦੀ ਖੋਗ ਤੇ ਛਾਣਬੀਨ ਕੀਤੀ ਜਾਵੇ ਤਾਂ ਸਾਫ਼ ਸਿੱਧ ਹੁੰਦਾ ਹੈ ਕਿ ਇਹ ਕੇਵਲ ਇਕ ਭੁਲੱਣ ਦਾ ਰੋਗ ਸੀ ਜੋ ਕਈ ਵਾਰ ਵਕਤੀ ਚਿੰਤਾਵਾਂ ਅਤੇ ਆਉਣ ਵਾਲੀਆਂ ਔਕੁੜਾਂ ਕਰਕੇ ਸ਼ਾਰੀਰਕ ਤੌਰ'ਤੇ ਕਮਜ਼ੋਰੀ ਕਾਰਣ ਆਪ ਨੂੰ ਕੁਝ ਸਮੇਂ ਲਈ ਲੱਗ ਗਿਆ ਸੀ ਜਿਸ'ਤੋਂ ਕੁਝ ਬੁਰਾ ਚਾਹੁਣ ਵਾਲੇ ਦੁਸ਼ਮਣਾ ਨੇ ਲਾਭ ਉਠਾਕੇ ਇਹ ਪ੍ਰਸਿੱਧ ਕਰ ਦਿਤੱਾ ਕਿ ਅਸੀਂ (ਨਊਜ਼ ਬਿਲੱਾਹ) ਮੁਸਲਮਾਨਾ ਦੇ ਨਬੀ ਉਪੱਰ ਜਾਦੂ ਕਰ ਦਿਤੱਾ ਹੈ ਪਰ ਰੱਬ ਨੇ ਆਪ ਸਲਲੱਾਹੁ ਅਲੈਹਿ ਵਸਲਮ ਨੂੰ ਬਹੁਤ ਛੇਤੀ ਸਵਸਥ ਕਰਕੇ ਦੁਸ਼ਮਣਾ ਦੇ ਮੂੰਹ'ਤੇ ਕਾਲਖ਼ ਪੋਤ ਦਿੱਤੀ ਅਤੇ ਮੁਨਾਫ਼ਕਾਂ ਦੇ ਝੂਠੇ ਰੌਲ੍ਹੇ ਨੂੰ ਮਿੱਟੀ ਵਿੱਚ ਮਿਲਾ ਦਿਤੱਾ ।

ਦੁਨੀਆ ਭਰ ਵਿੱਚ ਸ਼ੈਤਾਨੀ ਸ਼ਕਤੀਆਂ ਦਾ ਜੇਤੂ ਅਤੇ ਅਤਿ ਉਤੱਮ ਰਸੂਲ ਜਿਸ ਤੋਂ ਵਧੱਕੇ ਸ਼ੈਤਾਨੀ ਸਕਤੀਆਂ ਦਾ ਸਿਰ ਕੁਚੱਲਣ ਵਾਲਾ ਅੱਜ ਤੱਕ ਨ ਪੈਦਾ ਹੋਇਆ ਹੈ ਅਤੇ ਨ ਹੀ ਭਵਿੱਖ ਵਿੱਚ ਪੈਦਾ ਹੋਵੇਗਾ, ਉਸ ਬਾਰੇ ਇਹ ਵਿਚਾਰ ਕਰਨਾ ਕਿ ਇਕ ਉਹ ਇਕ ਧਿਕੱਾਰੇ ਯਹੂਦੀ ਦੇ ਸ਼ੈਤਾਨੀ ਜਾਦੂ ਦਾ ਨਿਸ਼ਾਨਾ ਬਣ ਗਿਆ ਸੀ ਮਨੁੱਖੀ ਅਕਲ ਦੀ ਇਕ ਸਭ ਤੋਂ ਡਿੱਗੀ ਵਰਤੋਂ ਹੈ, ਇਹ ਸੋਚਿਆ ਵੀ ਨਹੀਂ ਜਾ ਸਕਦਾ ਅਤੇ ਇਹ ਕੇਵਲ ਸਾਡਾ ਦਾਵਾ ਹੀ ਨਹੀਂ ਸਗੋਂ ਸਰਵਰੇ ਕਾਇਨਾਤ ਨੇ ਆਪ ਇਸ ਦੇ ਨਿਖੇਦੀ ਕੀਤੀ ਹੈ । ਇਸ ਦੀ ਵਿਆਖਿਆ ਇਕ ਹਦੀਸ ਤੋਂ ਹੁੰਦੀ ਹੈ । ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਨੇ ਅਰਜ਼ ਕੀਤੀ ਕਿ ਹੇ ਰਸੂਲੁਲੱਾਹ ਕੀ ਮੇਰੇ ਨਾਲ ਸ਼ੈਤਾਨ ਹੈ ? ਆਪ ਨੇ ਫ਼ਰਮਾਇਆ, ਹਾਂ ਹੈ । ਹਜ਼ਰਤ ਆਇਸ਼ਾ ਨੇ ਪੁੱਛਿਆ ਕੀ ਹਰ ਮਨੁੱਖ ਦੇ ਨਾਲ ਸ਼ੈਤਾਨ ਲੱਗਿਆ ਹੋਇਆ ਹੈ, ਤਾਂ

ਆਪ ਨੇ ਫ਼ਰਮਾਇਆ, ਹਾਂ । ਹਜ਼ਰਤ ਆਇਸ਼ਾ ਨੇ ਹੈਰਾਨ ਹੋਕੇ ਅਰਜ਼ ਕੀਤੀ ਕਿ ਹੇ ਰਸੂਲੁਲੱਾਹ, ਕੀ ਆਪ ਦੇ ਨਾਲ ਵੀ ਕੋਈ ਸ਼ੈਤਾਨ ਲਗੱਾ ਹੋਇਆ ਹੈ । ਆਪ ਨੇ ਫ਼ਰਮਾਇਆ, ਹਾਂ, ਪਰ ਰੱਬ ਨੇ ਮੈਂਨੂੰ ਸ਼ੈਤਾਨ ਉਪੱਰ ਵਿਜੈ ਪ੍ਰਦਾਨ ਕੀਤੀ ਹੋਈ ਹੈ, ਇੱਥੋਂ ਤੱਕ ਕਿ ਮੇਰਾ ਸ਼ੈਤਾਨ ਵੀ ਮੁਸਲਮਾਨ ਹੋ ਚੁਕਾ ਹੈ । ਕੀ ਇਸ ਸਪਸ਼ਟ ਤੇ ਪ੍ਰਤੱਖ ਫ਼ਰਮਾਨ ਦੇ ਹੁੰਦਿਆਂ ਹੋਇਆਂ ਇਹ ਵਿਚਾਰ ਕੀਤਾ ਜਾ ਸਕਦਾ ਹੈ ਕਿ ਕਿਸੇ ਯਹੂਦੀ ਮੁਨਾਫ਼ਕ ਨੇ ਜੋ ਕੁਰਆਨ ਅਨੁਸਾਰ ਇਕ ਮਗ਼ਜ਼ੂਬ ਅਲੈਹਿਮ (ਜਿਸ'ਤੇ ਰੱਬ ਦੀ ਕਰੋਪੀ ਹੋਵੇ) ਕੌਮ ਵੀ ਹੈ ਆਪਣੇ ਸ਼ੈਤਾਨ ਦੀ ਮਦਦ ਨਾਲ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਜਿਹੇ ਬੁਲੰਦ ਮਰਤਬੇ ਵਾਲੇ ਨਬੀ ਉਪੱਰ ਜਾਦੂ ਕਰ ਦਿਤੱਾ ਹੋਵੇਗਾ ਅਤੇ ਆਪ ਉਸ ਦੇ ਜਾਦੂ ਤੋਂ ਪ੍ਰਭਾਵਤ ਹੋਕੇ ਲੰਮਾ ਚਿਰ ਪ੍ਰੇਸ਼ਨ ਤੇ ਦੁਖੀ ਰਹੇ ? ਆਪ ਲਿਖਦੇ ਹਨ ਕਿ ਫਿਰ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਇਸ ਘਟਨਾ ਦੀ ਹਕੀਕਤ ਕੀ ਹੈ ਜੋ ਸਹੀ ਬੁਖ਼ਾਰੀ ਵਿੱਚ ਵੀ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਦੀ ਜ਼ੁਬਾਨੀ ਬਿਆਨ ਹੋਇਆ ਹੈ । ਸੋ ਜੇਕਰ ਘਟਨਾ ਦੇ ਅਗੇਤਰ ਪਿਛੇਤਰ ਅਤੇ ਯਹੂਦੀਆਂ ਤੇ ਮੁਨਾਫ਼ਕਾਂ ਦੇ ਤੌਰ ਤਰੀਕਿਆਂ ਨੂੰ ਸੰਮੁੱਖ ਰਖੱਦਿਆਂ ਹੋਇਆਂ ਗ਼ੌਰ ਕੀਤਾ ਜਾਵੇ ਤਾਂ ਇਸ ਘਟਨਾ ਦੀ ਹਕੀਕਤ ਨੂੰ ਸਮਝਣਾ ਬਹੁਤਾ ਔਖਾ ਨਹੀਂ ਹੈ । ਸਭ ਤੋਂ ਪਹਿਲਾਂ ਤਾਂ ਇਹ ਜਾਨਣਾ ਚਾਹੀਦਾ ਹੈ ਕਿ ਇਹ ਮਨਘੜੰਤ ਜਾਦੂ ਦੀ ਘਟਨਾ ਸੁਲਾਹ ਹੁਦੈਬੀਆਹ ਦੇ ਬਾਦ ਦੀ ਹੈ । ਕੁਰੈਸ਼ ਦੇ ਰੋਕਣ ਕਰਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਦੇਖਣ ਨੂੰ ਅਸਫ਼ਲ ਪਰਤਨਾ ਪਿਆ । ਇਹ ਜ਼ਾਹਿਰੀ ਅਸਫ਼ਲਤਾ ਇਕ ਅਜਿਹਾ ਵਡੱਾ ਦੁੱਖ ਸੀ ਕਿ ਕਾਫ਼ਰਾਂ ਤੇ ਮੁਨਾਫ਼ਕਾਂ ਨੇ ਮਖ਼ੌਲ ਅਤੇ ਤਾਹਣਿਆ ਮਿਹਣਿਆ ਤੋਂ ਕੰਮ ਲੈਂਣਾ ਸੀ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸੁਭਾਉ ਉਪੱਰ ਇਸ ਦਾ ਡੂੰਘਾ ਪ੍ਰਭਾਵ ਸੀ ਅਤੇ ਆਪ ਕੁਝ ਸਮੇਂ ਤੱਕ ਬਹੁਤ ਚਿੰਤਾਤੁਰ ਰਹੇ । ਇਹਨਾ ਕਾਰਣਾ ਕਰਕੇ ਆਪਦੀਆਂ ਨਾੜੀਆਂ ਅਤੇ ਯਾਦਦਾਸ਼ਤ ਸ਼ਕਤੀ ਉਪੱਰ ਵਾਹਵਾ ਪ੍ਰਭਾਵ ਪਿਆ ਅਤੇ ਆਪ ਕੁਝ ਸਮੇਂ ਲਈ ਭੁਲੱਣ ਵਾਲੇ ਰੋਗ ਵਿੱਚ ਗ੍ਰਿਸਤ ਹੋ ਗਏ ਸਨ । ਜੱਦ ਯਹੂਦੀਆਂ ਅਤੇ ਮੁਨਾਫ਼ਕਾਂ ਨੇ ਦੇਖਿਆ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਅੱਜ ਕੱਲ ਰੋਗੀ ਹਨ ਅਤੇ ਨਾੜੀਆਂ ਦੀ ਕਮਜ਼ੋਰੀ ਅਤੇ ਦਿਮਾਗ਼ੀ ਕਮਜ਼ੋਰੀ ਕਰਕੇ ਆਪ ਨੂੰ ਭੁਲੱਣ ਦਾ ਰੋਗ ਹੈ ਤਾਂ ਉਹਨਾ ਨੇ ਆਪਣੇ ਸੁਭਾਉ ਅਨੁਸਾਰ ਫ਼ਿਤਨਾ ਫ਼ਸਾਦ ਦੇ ਉਦੇਸ਼ ਨਾਲ ਇਹ ਪ੍ਰਸਿੱਧ ਕਰਨਾ ਸ਼ੁਰੂ ਕਰ ਦਿਤੱਾ ਕਿ ਅਸੀਂ (ਨਊਜ਼ਬਿਲੱਾਹ) ਮੁਸਲਮਾਨਾ ਦੇ ਨਬੀ ਉਪੱਰ ਜਾਦੂ ਕਰ ਦਿਤੱਾ ਹੈ ਅਤੇ ਇਹ ਆਪਦੇ ਭੁਲੱਣ ਦਾ ਰੋਗ ਇਸੇ ਜਾਦੂ ਦਾ ਸਿਟੱਾ ਹੈ ਅਤੇ ਉਹਨਾ ਨੇ ਆਪਣੇ ਪੁਰਾਣੇ ਤਰੀਕੇ ਅਨੁਸਾਰ ਪ੍ਰਕਟ ਅਲਾਮਤਾ ਦੇ ਰੂਪ ਵਿੱਚ ਇਕ ਖੂਹ ਵਿੱਚ ਕਿਸੇ ਕੰਘੀ ਵਿੱਚ ਵਾਲਾਂ ਦੀਆਂ ਗੰਢ ਆਦਿ ਬੰਨ੍ਹਕੇ ਉਸਨੂੰ ਵੀ ਦੱਬ ਦਿਤੱਾ ।

ਜੱਦ ਉਹਨਾ ਦੇ ਇਸ ਮਨਘੜੰਤ ਜਾਦੂ ਦੀ ਸੂਚਨਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਪਹੁੰਚੀ ਤਾਂ ਆਪ ਨੇ ਇਸ ਫ਼ਿਤਨੇ ਦੇ ਸੁਧਾਰ ਲਈ ਰੱਬ ਦੀ ਹਜ਼ੂਰੀ ਵਿੱਚ ਦੁਆ ਕੀਤੀ । ਸੋ, ਰੱਬ ਨੇ ਆਪ ਦੀਆਂ ਚਿੰਤਾਮਈ ਦੁਆਵਾਂ ਨੂੰ ਸੁਣਿਆ ਅਤੇ ਸੁਪਨੇ ਰਾਹੀਂ ਆਪ ਉਪੱਰ ਇਸ ਦੀ ਵਾਸਤਵਿਕਤਾ ਪ੍ਰਕਟ ਕਰ ਦਿੱਤੀ । ਸੋ, ਕੁਰਆਨ ਕਰੀਮ ਵਿੱਚ ਰੱਬ ਨੇ ਫ਼ਰਮਾਇਆ ਕਿ وَلَا يُفْلِحُ السَّاحِرُ حَيْثُ أَتَىٰ ਅਰਥਾਤ ਨਬੀਆਂ ਦੇ ਮੁਕਾਬਲੇ'ਤੇ ਕੋਈ ਜਾਦੂ ਕਿਸੇ ਵੀ ਅਵਸਥਾ ਵਿੱਚ ਸਫ਼ਲ ਨਹੀਂ ਹੋ ਸਕਦਾ, ਭਾਵੇਂ ਉਹ ਕਿਸੇ ਵੀ ਰੂਪ ਵਿੱਚ ਹੋਵੇ ਜਾਂ ਕਿਸੇ ਢੰਗ ਦਾ ਹੋਵੇ । ਸੋ, ਫ਼ਰਮਾਇਆ ਕਿ يَقُوْلُ الظّٰلِمُوْنَ اِنْ تَتَّبِعُوْنَ اِلَّا رَجُلًا مَّسْحُوْرًا ਕਿ ਜ਼ਾਲਮ ਲੋਕ ਕਹਿੰਦੇ ਹਨ ਕਿ ਤੁਸੀਂ ਕੇਵਲ ਇਕ ਅਜਿਹੇ ਵਿਅਕਤੀ ਦੀ ਪੈਰ੍ਹਵੀ ਕਰ ਰਹੇ ਹੋ ਜੋ ਜਾਦੂ ਦਾ ਮਾਰਿਆ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹਦੀਸ ਦੇ ਸ਼ਬਦਾਂ ਅਤੇ ਬਿਆਨ ਕਰਨ ਦੇ ਅੰਦਾਜ਼ ਅਤੇ ਅਰਬੀ ਮੁਹਾਵਰਿਆਂ ਉਪੱਰ ਗ਼ੌਰ ਕਰਨ ਦੇ ਸਿੱਟੇ ਵਿੱਚ ਬੁਖ਼ਾਰੀ ਦੀ ਇਹ ਰਿਵਾਇਤ ਨਿਸ਼ਚੇ ਹੀ ਮੁੱਖਕਾਰਕ (ਹਕਾਇਕ ਅਨਿਲਗ਼ੈਰ) ਦੇ ਰੂਪ ਵਿੱਚ ਸਮਝੀ ਜਾਏਗੀ । ਮੁੱਖਕਾਰਕ ਦਾ ਅਰਥ ਇਹ ਕਿ ਬਜ਼ਾਹਰ ਗਲੱ ਕਰਨ ਵਾਲਾ ਆਪਣੇ ਵੱਲੋਂ ਗਲੱਾਂ ਕਰਦਾ ਹੈ ਪਰ ਵਾਸਤਵ ਵਿੱਚ ਦੂਜੇ ਦੀ ਗੱਲ

ਬਿਆਨ ਕੀਤੀ ਜਾਂਦੀ ਹੈ । ਇਸ ਰਿਵਾਇਤ ਦਾ ਅਰਥ ਇਹ ਬਣਦਾ ਹੈ ਕਿ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਰਿਵਾਇਤ ਕਰਦੀ ਹਨ ਕਿ ਇਕ ਵਾਰ ਦੁਸ਼ਮਣਾ ਨੇ ਮਸ਼ਹੂਰ ਕਰ ਦਿਤੱਾ ਕਿ ਆਪ ਨੂੰ ਜਾਦੂ ਕਰ ਦਿਤੱਾ ਗਿਆ ਹੈ । ਇੱਥੋਂ ਤੱਕ ਕਿ ਇਹਨਾ ਦਿਨਾ ਵਿੱਚ ਆਪ ਕਈ ਵਾਰ ਇਹ ਖ਼ਿਆਲ ਕਰਦੇ ਸਨ ਕਿ ਆਪਨੇ ਫ਼ਲਾਣਾ ਕੰਮ ਕੀਤਾ ਹੈ ਜੱਦ ਕਿ ਨਹੀਂ ਕੀਤਾ ਹੁੰਦਾ ਸੀ ।

ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਰੱਬ ਦੀ ਹਜ਼ੂਰੀ ਵਿੱਚ ਦੁਆ ਕੀਤੀ । ਅਲੱਾਹ ਤਆਲਾ ਨੇ ਆਪਨੂੰ ਸੁਪਨੇ ਵਿੱਚ ਦਿਖਾਇਆ ਕਿ ਦੋ ਵਿਅਕਤੀ ਆਪ ਦੇ ਕਸ਼ਟ ਬਾਰੇ ਗਲੱਾਂ ਕਰ ਰਹੇ ਹਨ । ਇਸ ਸੁਪਨੇ ਤੋਂ ਆਪ ਨੂੰ ਪਤਾ ਲਗੱਾ ਕਿ ਕਿਸੇ ਯਹੂਦੀ ਨੇ ਆਪਣੇ ਵਿਚਾਰ ਵਿੱਚ ਆਪ ਉਪੱਰ ਜਾਦੂ ਕਰਨ ਲਈ ਕੋਈ ਚੀਜ਼ ਕਿਸੇ ਖੂਹ ਵਿੱਚ ਪਾ ਦਿੱਤੀ ਹੈ । ਆਪ ਸਹਾਬਾ ਨਾਲ ਉਸ ਖੂਹ'ਤੇ ਗਏ ਅਤੇ ਉਸਨੂੰ ਬੰਦ ਕਰਵਾ ਦਿਤੱਾ । ਹਜ਼ਰਤ ਆਇਸ਼ਾ ਫ਼ਰਮਾਉਂਦੀ ਹਨ ਕਿ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਅਰਜ਼ ਕੀਤੀ ਕਿ ਆਪ ਨੇ ਉਸ ਕੰਘੀ ਆਦਿ ਨੂੰ ਬਾਹਰ ਕੱਢਕੇ ਸੁੱਟ ਕਿਉਂ ਨਹੀਂ ਦਿਤੱਾ । ਆਪ ਨੇ ਫ਼ਰਮਾਇਆ, ਰੱਬ ਨੇ ਮੈਂਨੂੰ ਸੁਰੱਖਿਅਤ ਰੱਖਿਆ ਅਤੇ ਮੈਂਨੂੰ ਸ਼ਿਫ਼ਾ (ਸਵਾਸਥ) ਬਖ਼ਸ ਦਿੱਤੀ ਤਾਂ ਫਿਰ ਮੈਂ ਉਸ ਨੂੰ ਬਾਹਰ ਸੁਟੱਕੇ ਲੋਕਾਂ ਵਿੱਚ ਬੁਰੀ ਗੱਲ ਦੀ ਚਰਚਾ ਕਿਉਂ ਕਰਦਾ ਜਿਸ ਤੋਂ ਕਮਜ਼ੋਰ ਸੁਭਾਉ ਦੇ ਲੋਕਾਂ ਵਿੱਚ ਜਾਦੂ ਵੱਲ ਖ਼ਾਮਖ਼ਵਾਹ ਧਿਆਨ ਪੈਦਾ ਹੋਣ ਦੀ ਸੰਭਾਵਨਾ ਸੀ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਬਹਿਰਹਾਲ ਇਸ ਸੁਪਨੇ ਦਾ ਅਸਲ ਉਦੇਸ਼ ਇਸ ਤੋਂ ਬਿਨਾ ਹੋਰ ਕੁਝ ਨਹੀਂ ਸੀ ਕਿ ਜੋ ਚੀਜ਼ ਇਹਨਾ ਖ਼ਬੀਸਾਂ (ਬਦਕਾਰਾਂ) ਨੇ ਲੁਕਾਕੇ ਇਸ ਖੂਹ ਵਿੱਚ ਰੱਖੀ ਹੋਈ ਸੀ ਅਤੇ ਉਸ ਰਾਹੀਂ ਆਪਣੇ ਸਮਵਿਚਾਰਕ ਲੋਕਾਂ ਨੂੰ ਧੋਖਾ ਦਿੰਦੇ ਸਨ, ਇਸ ਨੂੰ ਰੱਬ ਆਪਣੇ ਰਸੂਲ ਉਪੱਰ ਪ੍ਰਕਟ ਕਰ ਦੇਵੇ ਤਾਂ ਜੋ ਉਹਨਾ ਦੇ ਮਨਘੜੰਤ ਜਾਦੂ ਨੂੰ ਮਿਲਿਆਮੇਟ ਕਰ ਦਿਤੱਾ ਜਾਏ । ਸੋ, ਅਜਿਹਾ ਹੀ ਹੋਇਆ ਕਿ ਉਹਨਾ ਦੇ ਜਾਦੂ ਦਾ ਜੰਤਰ ਮਿੱਟੀ ਵਿੱਚ ਰਲਾ ਦਿਤੱਾ ਗਿਆ ਅਤੇ ਖੂਹ ਨੂੰ ਪੂਰ ਦਿਤੱਾ ਗਿਆ ਅਤੇ ਅਸਿੱਧੇ ਤੌਰ'ਤੇ ਇਸਦੇ ਸਿੱਟੇ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਇਹ ਚਿੰਤਾ ਵੀ ਕਿ ਲੋਕ ਇਸ ਪ੍ਰਕਾਰ ਦੀਆਂ ਸ਼ਰਾਰਤਾਂ ਕਰਕੇ ਸਾਦਾ ਸੁਭਾਵ ਲੋਕਾਂ ਨੂੰ ਧੋਖਾ ਦੇਣਾ ਚਾਹੁੰਦੇ ਹਨ, ਨਸ਼ਟ ਭ੍ਰਸ਼ਟ ਹੋ ਗਿਆ ਅਤੇ ਇਹ ਰੱਬੀ ਵਾਦਾ ਵੱਡੀ ਸ਼ਾਨ ਤੇ ਲਿਸ਼ਕਦੇ ਸੂਰਜ ਵਾਂਗ ਪੂਰਾ ਹੋਇਆ ਕਿ وَلَا يُفْلِحُ السَّاحِرُ حَيْثُ أَتَىٰ ਅਰਥਾਤ ਇਹ ਜਾਦੂ ਭਾਵੇਂ ਕਿਸੇ ਵੀ ਪ੍ਰਕਾਰ ਦਾ ਹੋਵੇ ਉਹ ਰੱਬ ਦੇ ਇਕ ਨਬੀ ਦੇ ਟਾਕਰੇ'ਤੇ ਕਦੇ ਵੀ ਸਫ਼ਲ ਨਹੀਂ ਹੋ ਸਕਦਾ ।

ਅੰਤ ਵਿੱਚ ਪ੍ਰਸ਼ਨ ਰਹਿ ਜਾਂਦਾ ਹੈ ਕਿ ਹਜ਼ਰਤ ਮੁਹਮੱਦ ਸਲਲਾਹੁ ਅਲੈਹਿ ਵਸਲਮ ਜੋ ਰੱਬ ਦੇ ਇਕ ਮਹਾਨ ਤੇ ਆਲੀਸ਼ਾਨ ਨਬੀ ਸਗੋਂ ਸਾਰਿਆਂ ਰਸੂਲਾਂ ਤੋਂ ਅਫ਼ਜ਼ਲ ਤੇ ਖ਼ਾਤਾਮੰਨਬੀਯੀਨ ਸਨ, ਆਪ ਨੂੰ ਭੁਲੱਣ ਦਾ ਰੋਗ ਕਿਉਂ ਹੋਇਆ ਜੋ ਵੇਖਣ ਨੂੰ ਨਬੁਵੱਤ ਦੇ ਕਰਤਵਾਂ ਦੀ ਪੂਰਨਤਾ ਲਈ ਇਕ ਰੋਕ ਹੋ ਸਕਦਾ ਹੈ, ਤਾਂ ਇਸ ਦੇ ਉਤੱਰ ਵਿੱਚ ਇਹ ਚੰਗੀ ਤਰ੍ਹਾਂ ਚੇਤੇ ਰਖੱਣਾ ਚਾਹੀਦਾ ਹੈ ਕਿ ਹਰ ਨਬੀ ਦੀ ਦੋਹਰੀ ਹੈਸੀਯਤ ਹੁੰਦੀ ਹੈ ਇਕ ਪੱਖੋਂ ਰੱਬ ਦਾ ਨਬੀ ਤੇ ਰਸੂਲ ਹੁੰਦਾ ਹੈ ਜਿਸ ਦੇ ਸਬਬ ਉਹ ਰੱਬ ਦੇ ਕਲਾਮ ਨਾਲ ਸੰਬੋਧਤ ਹੁੰਦਾ ਹੈ ਅਤੇ ਧਾਰਮਕ ਕੰਮਾ ਵਿੱਚ ਆਪਣੇ ਮੰਨ੍ਹਣ ਵਾਲਿਆਂ ਦਾ ਗੁਰੂ ਕਰਾਰ ਦਿਤੱਾ ਜਾਂਦਾ ਹੈ ਅਤੇ ਉਹਨਾ ਲਈ ਪਦਚਿੰਨ੍ਹ ਬਣਦਾ ਹੈ ਅਤੇ ਦੂਜੇ ਪੱਖੋਂ ਉਹ ਮਨੁੱਖਾਂ ਵਿੱਚੋਂ ਇਕ ਮਨੁੱਖ ਹੁੰਦਾ ਹੈ ਕਿ ਅਤੇ ਸਾਰੀਆਂ ਮਨੁੱਖੀ ਜੋਖ਼ਮਾ ਤੇ ਸੁਭਾਵਕ ਖ਼ਤਰਿਆਂ ਹੇਠ ਹੁੰਦਾ ਹੈ ਜੋ ਦੂਜਿਆਂ ਮਨੁੱਖਾਂ ਨਾਲ ਲੱਗੇ ਹੋਏ ਹਨ ।

ਹਜ਼ੂਰ ਅਨਵਰ ਨੇ ਫ਼ਮਰਇਆ : ਜੇਕਰ ਇਸ ਥਾਂ ਕਿਸੇ ਨੂੰ ਇਹ ਵਿਚਾਰ ਲੰਘੇ ਕਿ ਕੁਰਆਨ ਕਰੀਮ ਤਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਬਾਰੇ ਇਹ ਫ਼ਰਮਾਉਂਦਾ ਹੈ ਕਿ سَنُقْرِئُكَ فَلَا تَنْسَىٰ ਅਰਥਾਤ ਅਸੀਂ ਤੈਂਨੂੰ

ਇਕ ਅਜਿਹੀ ਸਿੱਖਿਆ ਦਿਆਂਗੇ ਜਿਸਨੂੰ ਤੂੰ ਨਹੀਂ ਭੁੱਲੇਂਗਾ । ਚੇਤੇ ਰਖੱਣਾ ਚਾਹੀਦਾ ਹੈ ਕਿ ਇਹ ਵਾਦਾ ਕੇਵਲ ਕੁਰਆਨੀ ਵਹੀ ਬਾਰੇ ਹੈ । ਸਾਧਾਰਣ ਤੇ ਪ੍ਰਤੀਦਿਨ ਦੀਆਂ ਗਲੱਾਂ ਬਾਰੇ ਜਾਂ ਧਾਰਮਕ ਕਰਮਾ ਦੇ ਜ਼ਾਹਿਰੀ ਤਰੀਕਿਆਂ ਬਾਰੇ ਇਹ ਵਾਦਾ ਉਕੱਾ ਹੀ ਨਹੀਂ ਹੈ । ਸੋ, ਜਿਵੇਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਕਦੇ ਕਦੇ ਸਾਧਾਰਣ ਤੇ ਵਕਤੀ ਭੁੱਲ ਹੋ ਜਾਂਦੀ ਸੀ । ਇਸੇ ਪ੍ਰਕਾਰ ਸੁਲਾਹ ਹੁਦੈਬੀਆਹ ਦੇ ਬਾਦ ਕੁਝ ਸਮੇਂ ਲਈ ਬਿਮਾਰੀ ਦੇ ਰੂਪ ਵਿੱਚ ਭੁਲੱਣ ਦਾ ਰੋਗ ਹੋ ਗਿਆ ਸੀ । ਬੀਤੇ ਓਲਮਾ ਨੇ ਵੀ ਇਸ ਨੂੰ ਰੋਗ ਹੀ ਲਿੱਖਿਆ ਹੈ ਜਿਵੇਂ ਕਿ ਹਦੀਸ ਦੇ ਇਹਨਾ ਅੰਤਮ ਸ਼ਬਦਾਂ ਤੋਂ ਪ੍ਰਕਟ ਹੈ ਕਿ ਰੱਬ ਨੇ ਮੈਂਨੂੰ ਸ਼ਿਫ਼ਾ (ਸਵਾਸਥ) ਪ੍ਰਦਾਨ ਕੀਤੀ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਖ਼ੀਰ ਵਿੱਚ ਇਸ ਯੁੱਗ ਦੇ ਆਦੇਸ਼ਕ ਤੇ ਨਿਆਕਾਰ ਦੇ ਇਸ ਬਾਰੇ ਫ਼ਰਮਾਨ ਪੜ੍ਹ ਦਿੰਦਾ ਹਾਂ ਜੋ ਸਾਰੀਆਂ ਵਿਆਖਿਆਵਾਂ ਤੇ ਵਿਸਥਾਰ ਉਪੱਰ ਭਾਰੀ ਹਨ । ਇਕ ਵਿਅਕਤੀ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸਭਾ ਵਿੱਚ ਪ੍ਰਸ਼ਨ ਕੀਤਾ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਉਪੱਰ ਕਾਫ਼ਰਾਂ ਨੇ ਜੋ ਜਾਦੂ ਕੀਤਾ ਸੀ, ਉਸ ਬਾਰੇ ਆਪਦੇ ਕੀ ਵਿਚਾਰ ਹਨ ? ਹਜ਼ਰਤ ਅਕਦਸ ਨੇ ਫ਼ਰਮਾਇਆ ਕਿ ਜਾਦੂ ਵੀ ਸ਼ੈਤਾਨ ਵੱਲੋਂ ਹੁੰਦਾ ਹੈ । ਰਸੂਲਾਂ ਤੇ ਨਬੀਆਂ ਦੀ ਇਹ ਸ਼ਾਨ ਨਹੀਂ ਹੁੰਦੀ ਕਿ ਕਿ ਉਹਨਾ ਉਪੱਰ ਜਾਦੂ ਦਾ ਕੋਈ ਪ੍ਰਭਾਵ ਹੋ ਸਕੇ, ਸਗੋਂ ਉਹਨਾਂ ਨੂੰ ਦੇਖਕੇ ਜਾਦੂ ਭੱਜ ਜਾਂਦਾ ਹੈ ਜਿਵੇਂ ਕਿ ਖ਼ੁਦਾ ਤਆਲਾ ਫ਼ਰਮਾਉਂਦਾ ਹੈ وَلَا يُفْلِحُ السَّاحِرُ حَيْثُ أَتَىٰ ਇਹ ਗੱਲ ਬਿਲਕੁਲ ਗ਼ਲਤ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮੁਕਾਬਲੇ ਵਿੱਚ ਜਾਦੂ ਗ਼ਾਲਬ ਆ ਗਿਆ । ਅਸੀਂ ਇਸ ਨੂੰ ਕਦੇ ਨਹੀਂ ਮਨ ਸਕਦੇ । ਅੱਖ ਬੰਦ ਕਰਕੇ ਬੁਖ਼ਾਰੀ ਤੇ ਮੁਸਲਿਮ ਨੂੰ ਮਨ੍ਹਦੇ ਜਾਣਾ ਸਾਡੇ ਵਿਚਾਰਾਂ ਦੇ ਵਿਰੁਧ ਹੈ । ਇਹ ਤਾਂ ਅਕਲ ਵੀ ਨਹੀਂ ਮਨ੍ਹ ਸਕਦੀ ਕਿ ਅਜਿਹੇ ਮਾਹਨ ਮਰਤਬੇ ਵਾਲੇ ਨਬੀ ਉਪੱਰ ਜਾਦੂ ਦਾ ਅਸਰ ਹੋ ਗਿਆ ਹੋਵੇ । ਅਜਿਹੀਆਂ ਗਲੱਾਂ ਕਿ ਕਿਸੇ ਦੇ ਜਾਦੂ ਦੇ ਪ੍ਰਭਾਵ ਨਾਲ ਰੱਬ ਦੇ ਨਬੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਯਾਦ ਜਾਂਦੀ ਰਹੀ, ਅਤੇ ਇਹ ਹੋ ਗਿਆ ਉਹ ਹੋ ਗਿਆ, ਕਿਸੇ ਵੀ ਅਵਸਥਾ ਵਿੱਚ ਇਹ ਨਹੀਂ ਹੋ ਸਕਦਾ । ਪਤਾ ਨਹੀਂ ਇਹਨਾਂ ਲੋਕਾਂ ਨੂੰ ਕੀ ਹੋ ਗਿਆ ਹੈ ਕਿ ਜਿਸ ਮਾਸੂਮ (ਨਿਦੋਸ਼ੇ) ਨਬੀ ਸਲਲੱਾਹੁ ਅਲੈਹਿ ਵਸਲਮ ਨੂੰ ਸਾਰੇ ਨਬੀ ਸ਼ੈਤਾਨ ਦੀ ਛੂਹ ਤੋਂ ਪਾਕ ਸਮਝਦੇ ਆਏ ਹਨ, ਇਹ ਉਹਨਾ ਦੀ ਸ਼ਾਨ ਵਿੱਚ ਅਜਿਹੇ ਅਜਿਹੇ ਸ਼ਬਦ ਬੋਲਦੇ ਹਨ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ, ਅਲਹਮਦੁਲਿਲੱਾਹ, ਕਿ ਅਸੀਂ ਜ਼ਮਾਨੇ ਦੇ ਇਮਾਮ ਨੂੰ ਮੰਨ੍ਹਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮੁਕਾਮ ਤੇ ਮਰਤਬੇ ਨੂੰ ਵੀ ਸਮਝਣ ਵਾਲੇ ਤੇ ਪਛਾਨਣ ਵਾਲੇ ਹਨ

**Khulasa Khutba Jumma 08.03.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131